BRAMPTON

**Media Release**

ਤੁਰੰਤ ਰਿਲੀਜ ਲਈ

# ਰੇਨਸ ਪੈਟਸ ਨੇ ਕੁੱਤੇ ਅਤੇ ਬਿੱਲੀ ਦੇ ਲਾਇਸੈਂਸਿੰਗ ਪ੍ਰੋਗਰਾਮ ਲਈ ਸਿਟੀ ਆਫ ਬ੍ਰੈਂਪਟਨ ਦੇ ਨਾਲ ਭਾਈਵਾਲੀ ਕੀਤੀ

ਬ੍ਰੈਂਪਟਨ, ਓਨਟੈਰੀਓ (28 ਜਨਵਰੀ, 2023) – ਪਾਲਤੂ ਜਾਨਵਰਾਂ ਦੇ ਭੋਜਨ ਅਤੇ ਸਮਾਨ ਦੀ ਪ੍ਰਮੁੱਖ ਕੈਨੇਡਿਅਨ ਸਪੈਸ਼ਲਿਟੀ ਰਿਟੇਲਰ, ਰੇਨਸ ਪੈਟਸ (Ren's Pets) ਨੇ, ਕੁੱਤੇ ਅਤੇ ਬਿੱਲੀ ਦੇ ਲਾਇਸੈਂਸਿੰਗ ਪ੍ਰੋਗਰਾਮ ਵਿੱਚ ਸਹਾਇਤਾ ਲਈ ਸਿਟੀ ਆਫ ਬ੍ਰੈਂਪਟਨ ਦੇ ਨਾਲ ਭਾਈਵਾਲੀ ਕੀਤੀ ਹੈ। ਬ੍ਰੈਂਪਟਨ ਦੇ ਨਿਵਾਸੀਆਂ ਨੂੰ ਹੁਣ, ਰੇਨਸ ਪੈਟਸ ਵਿਖੇ ਖਰੀਦਦਾਰੀ ਕਰਨ ਲਈ 20 ਡਾਲਰ ਦਾ ਵਾਊਚਰ ਮਿਲੇਗਾ, ਜਦੋਂ ਉਹ ਬ੍ਰੈਂਪਟਨ ਐਨੀਮਲ ਸਰਵਿਸਿਜ (Brampton Animal Services) ਕੋਲ ਆਪਣੇ ਕੁੱਤੇ ਜਾਂ ਬਿੱਲੀ ਨੂੰ ਰਜਿਸਟਰ ਕਰਨਗੇ ਅਤੇ ਆਪਣੇ ਪਾਲਤੂ ਜਾਨਵਰ ਲਈ ਉਹਨਾਂ ਦਾ ਸਾਲਾਨਾ ਲਾਇਸੈਂਸ ਖਰੀਦਣਗੇ।

ਮਿਊਨਿਸਿਪਲ ਐਨੀਮਲ ਕੰਟ੍ਰੋਲ ਬਾਇ-ਲਾਅਜ (Animal Control By-laws) ਹੇਠ, ਬ੍ਰੈਂਪਟਨ ਵਿੱਚ ਸਾਰੇ ਕੁੱਤਿਆਂ ਅਤੇ ਬਿੱਲੀਆਂ ਦਾ ਹਰੇਕ ਕੈਲੰਡਰ ਸਾਲ ਵਿੱਚ ਸਿਟੀ ਕੋਲ ਲਾਇਸੈਂਸਸ਼ੁਦਾ ਹੋਣਾ ਲਾਜ਼ਮੀ ਹੈ। ਨਿਵਾਸੀ, ਓਨਲਾਈਨ, ਖੁਦ ਜਾ ਕੇ, ਟੈਲੀਫੋਨ ਰਾਹੀਂ ਜਾਂ ਡਾਕ ਦੁਆਰਾ ਪਾਲਤੂ ਜਾਨਵਰਾਂ ਦੇ ਲਾਇਸੈਂਸ ਲੈ ਸਕਦੇ ਹਨ। ਇਸਦੇ ਮੁੱਲ ਅਤੇ ਪੂਰੇ ਵੇਰਵਿਆਂ ਲਈ, www.brampton.ca/animalservices ਤੇ ਜਾਓ।

ਰੇਨਸ ਪੈਟਸ ਦੇ ਸੀ.ਈ.ਓ. ਸਕੌਟ ਅਰਸਨੌਲਟ (Scott Arsenault) ਨੇ ਕਿਹਾ, "ਅਸੀਂ ਪਾਲਤੂ ਜਾਨਵਰਾਂ ਦੀ ਜ਼ਿੰਮੇਵਾਰ ਮਾਲਕੀ ਵਿੱਚ ਸਹਾਇਤਾ ਲਈ, ਇਸ ਪ੍ਰੋਗਰਾਮ ਵਿੱਚ ਸਿਟੀ ਆਫ ਬ੍ਰੈਂਪਟਨ ਨਾਲ ਭਾਈਵਾਲੀ ਕਰਕੇ ਬਹੁਤ ਖੁਸ਼ ਹਾਂ।" ਉਹਨਾਂ ਨੇ ਅੱਗੇ ਕਿਹਾ, "ਰੇਨਸ, ਲੋਕਲ ਕਮਿਉਨਟੀਜ ਦੇ ਨਾਲ ਅਰਥਪੂਰਣ ਭਾਈਵਾਲੀਆਂ ਕਰਨ ਲਈ ਵਚਨਬੱਧ ਹੈ, ਜਿਵੇਂ ਕਿ ਬ੍ਰੈਂਪਟਨ ਵਿੱਚ ਇਹ ਭਾਈਵਾਲੀ ਕੀਤੀ ਗਈ ਹੈ, ਤਾਂ ਜੋ ਪਾਲਤੂ ਜਾਨਵਰ ਆਪਣੀ ਜ਼ਿੰਦਗੀ ਬਿਹਤਰ ਢੰਗ ਨਾਲ ਜੀ ਸਕਣ। ਅਸੀਂ 18 ਜੁਲਾਈ, 2021 ਵਿੱਚ ਆਪਣਾ ਬ੍ਰੈਂਪਟਨ ਦਾ ਸਟੋਰ ਖੋਲ੍ਹਿਆ ਸੀ ਅਤੇ ਖੇਤਰ ਵਿੱਚ ਸ਼ਾਨਦਾਰ ਪਾਲਤੂ ਜਾਨਵਰਾਂ ਦੇ ਕੁਝ ਬਹੁਤ ਹੀ ਵਧੀਆ ਅਤੇ ਜੋਸ਼ੀਲੇ ਮਾਲਕਾਂ ਨੂੰ ਮਿਲੇ।"

ਸਿਟੀ ਆਫ ਬ੍ਰੈਂਪਟਨ ਦੇ ਐਨੀਮਲ ਸਰਵਿਸਿਜ ਮੈਨੇਜਰ, ਮਾਈਕ ਮੁਲਿਕ (Mike Mulick) ਨੇ ਕਿਹਾ, "ਸਿਟੀ ਆਫ ਬ੍ਰੈਂਪਟਨ, ਆਪਣੇ ਲਾਇਸੈਂਸਿੰਗ ਭਾਈਵਾਲਾਂ ਵਿੱਚੋਂ ਇੱਕ ਵਜੋਂ, ਰੇਨਸ ਪੈਟਸ ਨੂੰ ਸ਼ਾਮਲ ਕਰਨ ਤੇ ਬੇਹੱਦ ਖੁਸ਼ ਹੈ। ਸਾਡਾ ਲਗਾਤਾਰ ਟੀਚਾ, ਸਾਡੀ ਕਮਿਉਨਿਟੀ ਦੇ ਕੁੱਤੇ ਅਤੇ ਬਿੱਲੀ ਮਾਲਕਾਂ ਨੂੰ ਰਿਵਾਰਡ ਦੇਣਾ ਹੈ, ਜਦੋਂ ਉਹ 2023 ਲਈ ਆਪਣੇ ਲਾਇਸੈਂਸ ਖਰੀਦਣਗੇ ਜਾਂ ਨਵਿਆਉਣਗੇ।" ਉਹਨਾਂ ਨੇ ਅੱਗੇ ਕਿਹਾ, "ਅੱਜ ਹੀ ਆਪਣਾ ਲਾਇਸੈਂਸ ਖਰੀਦਣ ਲਈ ਔਨਲਾਈਨ ਜਾਓ, ਇਹ ਜ਼ਿੰਮੇਵਾਰੀ ਵਾਲਾ ਕੰਮ ਹੈ।"

ਰੇਨਸ ਪੈਟਸ ਵਿਖੇ ਵੀ.ਪੀ. ਆਫ ਈਕੌਮਰਸ ਐਂਡ ਮਾਰਕੀਟਿੰਗ, ਲਾਰਿਸਾ ਵਾਸੀਲਿਵ ਨੇ ਦੱਸਿਆ, "ਇਹ, ਬ੍ਰੈਂਪਟਨ ਵਿੱਚ ਕੁੱਤੇ ਅਤੇ ਬਿੱਲੀ ਮਾਲਕਾਂ ਲਈ ਆਪਣੇ ਪਾਲਤੂ ਜਾਨਵਰਾਂ ਦੇ ਲਾਇਸੈਂਸ ਲੈਣ ਲਈ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਫਾਇਦੇਮੰਦ ਹੈ।" ਉਹਨਾਂ ਨੇ ਅੱਗੇ ਕਿਹਾ, "20 ਡਾਲਰ ਦੇ ਵਾਊਚਰ ਦੀ ਵਰਤੋਂ, ਉਹਨਾਂ ਦੇ ਪਾਲਤੂ ਜਾਨਵਰਾਂ ਲਈ ਭੋਜਨ, ਟ੍ਰੀਟਸ, ਖਿਡੌਣੇ ਜਾਂ ਹੋਰ ਕੁਝ ਖਰੀਦਣ ਲਈ ਰੇਨਸ ਵਿਖੇ ਕੀਤੀ ਜਾ ਸਕਦੀ ਹੈ। ਰੇਨਸ ਵਿਖੇ ਸਰਬੋਤਮ, ਵਧੀਆ ਕਿਸਮ ਦੇ ਪ੍ਰੀਮੀਅਮ ਬ੍ਰਾਂਡ ਅਤੇ ਹਰ ਉਸ ਚੀਜ਼ ਦੇ ਬਹੁਤ ਸਾਰੇ ਪ੍ਰਕਾਰ ਹਨ, ਜੋ ਤੁਹਾਨੂੰ ਆਪਣੇ ਕੁੱਤੇ ਅਤੇ ਬਿੱਲੀ ਲਈ ਚਾਹੀਦੀ ਹੈ, ਖਾਸ ਕਰਕੇ ਜਦੋਂ ਉਹਨਾਂ ਦੇ ਖਾਣ, ਸੁੱਕੇ, ਗਿੱਲੇ ਜਾਂ ਕੱਚੇ ਭੋਜਨ ਦੀ ਗੱਲ ਹੁੰਦੀ ਹੈ। ਇਹ ਬਹੁਤ ਵਧੀਆ ਗੱਲ ਹੈ ਕਿ ਲੋਕ, ਜ਼ਿੰਮੇਵਾਰ ਮਾਲਕ ਬਣਨ ਦੇ ਨਾਲ-ਨਾਲ ਆਪਣੇ ਕੁੱਤਿਆਂ ਲਈ ਲਾਇਸੈਂਸ ਲੈਂਦੇ ਹੋਏ, ਰੇਨਸ ਤੋਂ ਕੁਝ ਨਾ ਕੁਝ ਪ੍ਰਾਪਤ ਕਰ ਸਕਣਗੇ।"

ਬ੍ਰੈਂਪਟਨ ਵਿੱਚ ਆਪਣੇ ਪਾਲਤੂ ਜਾਨਵਰ ਦੇ ਲਾਇਸੈਂਸ ਬਾਰੇ ਇੱਥੇ ਵਧੇਰੇ ਜਾਣਕਾਰੀ ਲਵੋ: www.brampton.ca/animalservices




*ਰੇਨਸ ਪੈਟਸ ਬ੍ਰੈਂਪਟਨ, ਟ੍ਰਿਨਿਟੀ ਕੌਮਨਸ (Trinity Commons) ਵਿੱਚ 200 ਗ੍ਰੇਟ ਲੇਕਸ ਡ੍ਰਾਈਵ (200 Great Lakes Drive) ਵਿਖੇ ਸਥਿਤ ਹੈ।*




*ਬ੍ਰੈਂਪਟਨ ਸਟੋਰ ਵਿੱਚ ਵਧੀਆ ਕਿਸਮ ਦੇ ਕੁੱਤੇ ਅਤੇ ਬਿੱਲੀ ਦੇ ਭੋਜਨ ਵਾਲੇ ਗਲਿਆਰਿਆਂ ਦੇ ਨਾਲ 8,000 ਉਤਪਾਦ, ਟ੍ਰੀਟਸ ਅਤੇ ਖਿਡੌਣਿਆਂ ਦੇ ਡਿਸਪਲੇ, ਖਾਸ ਗ੍ਰੂਮਿੰਗ ਸੈਕਸ਼ਨ ਅਤੇ ਵਾਕ ਇਨ ਫ੍ਰੀਜ਼ਰ ਹਨ।*




*ਆਪਣੇ ਪਾਲਤੂ ਜਾਨਵਰਾਂ ਨੂੰ ਸਾਡੇ ਜਾਣਕਾਰ ਸਟਾਫ ਨੂੰ ਮਿਲਾਉਣ ਲਿਆਓ ਅਤੇ ਕਿਸੇ ਵੀ ਸਮੇਂ ਸਾਡੇ ਇਨ-ਸਟੋਰ ਸਕੇਲਾਂ ਤੇ ਉਹਨਾਂ ਦਾ ਵਜਨ ਕਰਵਾਓ।*

-30-

**ਰੇਨਸ ਪੈਟਸ ਬਾਰੇ**

ਰੇਨਸ ਪੈਟਸ ਇੱਕ ਪ੍ਰਮੁੱਖ ਕੈਨੇਡਿਅਨ ਸਪੈਸ਼ਲਿਟੀ ਰਿਟੇਲਰ ਹੈ, ਜਿਸਦੇ ਓਨਟੈਰੀਓ ਅਤੇ ਮੈਰੀਟਾਈਮਸ ਵਿੱਚ 45 ਸਟੋਰ ਹਨ (ਅਤੇ ਵਧ ਰਹੇ ਹਨ) ਅਤੇ ਇਹ ਰਾਸ਼ਟਰੀ ਤੌਰ ਤੇ ਸਰਬੋਤਮ ਈਕੌਮਰਸ ਸਾਈਟ ਸ਼ਿਪਿੰਗ ਕੰਪਨੀ ਹੈ। ਇਸ ਕੰਪਨੀ ਦੀ ਸਥਾਪਨਾ 1975 ਵਿੱਚ ਹੋਈ ਸੀ ਅਤੇ ਇਸਦੇ ਹੈੱਡਕੁਆਰਟਰ ਗਲਫ, ਓਨਟੈਰੀਓ ਵਿੱਚ ਹਨ। ਅਗਸਤ 2021 ਵਿੱਚ ਲੀਗੇਲਟ ਗਰੁੱਪ ਵੱਲੋਂ ਇਸਨੂੰ ਗ੍ਰਹਿਣ ਕੀਤਾ ਗਿਆ ਸੀ। ਰੇਨਸ ਵਿੱਚ, ਤੁਹਾਡੇ ਪਾਲਤੂ ਜਾਨਵਰ ਦੀ ਬਿਹਤਰ ਜ਼ਿੰਦਗੀ ਲਈ, ਪਾਲਤੂ ਜਾਨਵਰਾਂ ਦੇ ਭੋਜਨ, ਟ੍ਰੀਟਸ ਅਤੇ ਖਿਡੌਣਿਆਂ ਸਮੇਤ ਹੋਰ ਸਮਾਨ ਦਾ ਵਿਸ਼ਾਲ ਸੰਗ੍ਰਹਿ ਹੈ। ਰੇਨਸ, ਵਧੀਆ ਕਿਸਮ ਦੇ ਪ੍ਰੋਫੈਸ਼ਨਲ ਗ੍ਰੂਮਿੰਗ ਸਮਾਨ ਵਿੱਚ ਇੰਡਸਟਰੀ ਲੀਡਰ ਹੈ। ਰੇਨਸ ਦਾ ਪ੍ਰੋਮਿਸ ਗਾਰੰਟੀਜ ਸਟਾਫ, ਤੁਹਾਨੂੰ ਆਪਣੇ ਪਾਲਤੂ ਜਾਨਵਰ ਲਈ ਵਧੀਆ ਭੋਜਨ ਲੱਭਣ ਵਿੱਚ ਮਦਦ ਕਰੇਗਾ। ਰੇਨਸ ਦੇ ਰਿਵਾਰਡ ਪ੍ਰੋਗਰਾਮ ਨਾਲ ਤੁਸੀਂ ਔਨਲਾਈਨ ਜਾਂ ਸਟੋਰ ਵਿਖੇ ਮੁਫਤ ਭੋਜਨ ਪ੍ਰਾਪਤ ਕਰ ਸਕਦੇ ਹੋ ਅਤੇ ਪੋਇੰਟਸ ਰੀਡੀਮ ਕਰ ਸਕਦੇ ਹੋ। ਵਧੇਰੇ ਜਾਣਕਾਰੀ ਲਈ, renspets.com ਤੇ ਜਾਓ ਜਾਂ ਵੀ.ਪੀ. ਆਫ ਈਕੌਮਰਸ ਐਂਡ ਮਾਰਕੀਟਿੰਗ, ਲਾਰਿਸਾ ਵਾਸੀਲਿਵ ਨੂੰ larissa.wasyliw@renspets.com ਤੇ ਸੰਪਰਕ ਕਰੋ।

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca